## ਪਰਵਾਸੀ ਕਵੀ ਹਰਚੰਦ ਸਿੰਘ ਬਾਗੜੀ ਦੇ ਕਾਵਿ-ਸਰੋਕਾਰ

*ਡਾ. ਵੰਦਨਾ

ਪਰਵਾਸੀ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਵਿਵਸਥਾ ਦੇ ਭ੍ਰਿਸ਼ਟ, ਫ਼ਿਰਕੂ ਅਤੇ ਕਾਣੀ ਵੰਡ ਵਾਲੇ ਵਰਤਾਰੇ ਨੇ ਜਨ ਸਾਧਾਰਨ ਦੇ ਮਨ ਵਿਚ ਖਲਬਲੀ ਪੈਦਾ ਕੀਤੀ ਜਿਸ ਦੇ ਸਿੱਟੇ ਵਜੋਂ ਉਹ ਉਪਜੀਵਕਾ ਕਮਾਉਣ ਅਤੇ ਬਿਹਤਰ ਜ਼ਿੰਦਗੀ ਦੀ ਤਲਾਸ਼ ਲਈ ਸੰਸਾਰ ਦੇ ਵੱਖ-ਵੱਖ ਮੁਲਕਾਂ ਵਿਚ ਪਹੁੰਚ ਗਏ। ਇਸ ਦਾ ਦੂਜਾ ਵੱਡਾ ਕਾਰਨ ਭਾਰਤੀ ਅਜ਼ਾਦੀ ਦਾ ਤਿੜਕਦਾ ਬਿੰਬ ਬਣਦਾ ਹੈ। ਅਜ਼ਾਦੀ ਤੋਂ ਪਹਿਲਾਂ ਭਾਰਤ ਦੇ ਸਾਰੇ ਵਰਣਾਂ ਅਤੇ ਧਰਮਾਂ ਨੇ ਇਸ ਆਸ ਨਾਲ ਸੰਘਰਸ਼ ਕੀਤਾ ਸੀ ਕਿ ਅਜ਼ਾਦੀ ਤੋਂ ਬਾਅਦ ਉਹ ਸਾਧਨਾਂ ਦੇ ਮਾਲਕ ਹੋਣਗੇ ਅਤੇ ਸਵੈਮਾਣ ਦੀ ਜ਼ਿੰਦਗੀ ਜੀਅ ਸਕਣਗੇ ਪਰੰਤੂ ਅਜ਼ਾਦੀ ਤੋਂ ਬਾਅਦ ਅਜਿਹਾ ਨਾ ਹੋਇਆ। ਸੋ ਭਾਰਤੀਆਂ ਜਾਂ ਪੰਜਾਬੀਆਂ ਵਿਚ ਤੀਬਰ ਇੱਛਾ ਪੈਦਾ ਹੋਈ ਤੇ ਉਨ੍ਹਾਂ ਪਰਵਾਸ ਧਾਰਨ ਵੀ ਕੀਤਾ। ਪਰ ਨਵੇਂ ਸਭਿਆਚਾਰ, ਵਾਤਾਵਰਨ ਅਤੇ ਵਿਵਸਥਾ ਵਿਚ ਪਹੁੰਚ ਕੇ ਉਹ ਕੁਝ ਸਮੇਂ ਲਈ ਬੌਖ਼ਲਾਅ ਵੀ ਜਾਂਦਾ ਹੈ। ਨਵੇਂ ਸਭਿਆਚਾਰ ਵਿਚ ਪਹੁੰਚਿਆ ਪਰਵਾਸੀ ਦੋਹਾਂ ਸਭਿਆਚਾਰਾਂ ਪ੍ਰਤੀ ਖਿੱਚ ਅਤੇ ਵਿੱਥ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾਂ ਸੰਵੇਦਨਸ਼ੀਲ ਕਵੀ ਜਾਂ ਸਾਹਿਤਕਾਰ ਕੋਲੋਂ ਉਨ੍ਹਾਂ ਸਾਰੇ ਮਨੋਭਾਵਾਂ ਨੂੰ ਪ੍ਰਸਤੁਤ ਕਰਦੀਆਂ ਰਚਨਾਵਾਂ ਦੀ ਸਿਰਜਣਾ ਸਹਿਜੇ ਹੋ ਜਾਂਦੀ ਹੈ।

ਅਜੋਕੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਹਰਚੰਦ ਸਿੰਘ ਬਾਗੜੀ ਇਕ ਸਮਰੱਥ ਅਤੇ ਸੰਵੇਦਨਸ਼ੀਲ ਕਵੀ ਹੈ। ਉਸ ਦੁਆਰਾ ਰਚਿਤ ਹਰ ਕਾਵਿ-ਸੰਗ੍ਰਹਿ ਮਨੁੱਖ ਲਈ ਇਕ ਨਵੀਂ ਸੇਧ ਲੈ ਕੇ ਆਉਂਦਾ ਹੈ। ਉਹ ਇਕ ਅਜਿਹਾ ਕਵੀ ਹੈ ਜਿਸ ਨੇ ਆਪਣੀ ਕਵਿਤਾ ਵਿਚ ਮਨੁੱਖ ਦੇ ਅੰਦਰਲੇ ਅਤੇ ਬਾਹਰਲੇ ਸੱਚ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੀਆਂ ਕਵਿਤਾਵਾਂ ਜਿੱਥੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ ਉੱਥੇ ਜੀਵਨ ਪ੍ਰਤੀ ਉਸ ਦੇ ਆਸ਼ਾਵਾਦੀ ਨਜ਼ਰੀਏ ਨੂੰ ਵੀ ਬਿਆਨ ਕਰਦੀਆਂ ਹਨ।

ਹਰਚੰਦ ਸਿੰਘ ਬਾਗੜੀ ਕੈਨੇਡਾ ਦੀ ਧਰਤੀ 'ਤੇ ਵਸਿਆ ਹੋਇਆ ਇਕ ਨਾਮਵਰ ਪਰਵਾਸੀ ਕਵੀ ਹੈ, ਉਸ ਨੇ ਪੰਜਾਬੀ ਸਾਹਿਤ ਜਗਤ ਨੂੰ ਇਕ ਦਰਜਨ ਤੋਂ ਵੱਧ ਸਾਹਿਤਕ ਪੁਸਤਕਾਂ ਭੇਂਟ ਕੀਤੀਆ ਹਨ। 'ਸੋਨੇ ਦਾ ਮਿਰਗ' ਕਾਵਿ-ਸੰਗ੍ਰਹਿ 1992 ਵਿਚ ਸਿਰਜ ਕੇ ਪੰਜਾਬੀ ਕਵਿਤਾ ਵਿਚ ਪ੍ਰਵੇਸ਼ ਕੀਤਾ। ਇਸ ਉਪਰੰਤ ਉਹ 'ਸੋਨੇ ਦਾ ਮਿਰਗ', 'ਸੁਨਹਿਰੀ ਮਣਕੇ', 'ਬੁੱਕ ਮਿੱਟੀ ਦਾ', 'ਸਲੋਕਾਂ ਭਰੀ ਚੰਗੇਰ', 'ਸਮੇਂ ਦਾ ਸੱਚ', 'ਸੁਨੇਹੇ', 'ਸੱਜਰੇ ਫੁੱਲ', 'ਗਿੱਲੀ ਮਿੱਟੀ ਦਾ ਸੰਵਾਦ', 'ਪੈੜਾਂ', 'ਕਿਸ ਬਿਧ ਲਈ ਆਜ਼ਾਦੀ', 'ਅਣਖ ਪੰਜਾਬ ਦੀ ਮਹਾਰਾਣੀ ਜਿੰਦਾਂ', 'ਸਿਲਾ ਨੇਕੀ ਦਾ' ਅਤੇ 'ਸਾਗਰ ਤੇ ਛੱਲਾਂ' ਪ੍ਰਮੁੱਖ ਕਾਵਿ-ਸੰਗ੍ਰਹਿ ਹੁਣ ਤੱਕ ਪੰਜਾਬੀ ਕਾਵਿ-ਜਗਤ ਦੀ ਝੋਲੀ ਪਾ ਚੁੱਕਾ ਹੈ।
ਇਸ ਤੋਂ ਇਲਾਵਾ ਹਰਚੰਦ ਸਿੰਘ ਬਾਗੜੀ ਨੇ ਮਹਾਂਕਾਵਿ ਅਤੇ 2 ਕਹਾਣੀ-ਸੰਗ੍ਰਹਿ ਵੀ ਰਚੇ ਹਨ। ਕਵੀ ਨੂੰ ਪਰਵਾਸੀ ਧਰਤੀ ਵੈਨਕੂਵਰ ਦਾ ਪੰਤਾਲੀ ਸਾਲਾਂ ਦਾ ਤਜਰਬਾ ਹੈ, ਜਿਸ ਨੂੰ ਉਹ ਆਪਣੀ ਕਵਿਤਾ ਦਾ ਆਧਾਰ ਬਣਾਉਂਦਾ ਹੈ।

***ਅਸਿਸਟੈਂਟ ਪ੍ਰੋਫ਼ੈਸਰ***
**ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਲ ਲਾਈਨਜ਼, ਲੁਧਿਆਣਾ**

ਜ਼ਿੰਦਗੀ ਦੇ ਮਿੱਠੇ ਅਤੇ ਕੌੜੇ ਅਨੁਭਵਾਂ ਦੇ ਨਾਲ-ਨਾਲ ਮਾਨਵੀ ਜੀਵਨ ਨਾਲ ਸੰਬੰਧਤ ਵਿਸ਼ੇ ਉੱਭਰ ਕੇ ਯਥਾਰਥਕ ਰੂਪ ਵਿਚ ਪੇਸ਼ ਹੋਏ ਹਨ, ਜਿਹੜੇ ਕਿ ਉਸ ਦੇ ਕਾਵਿ ਚਿੰਤਨ ਦਾ ਹਿੱਸਾ ਬਣਦੇ ਹਨ।

ਆਪਣੀ ਧਰਤੀ ਨਾਲੋਂ ਟੁੱਟ ਕੇ ਵਿਦੇਸ਼ੀ ਧਰਤੀ 'ਤੇ ਪਰਵਾਸ ਧਾਰਨ ਕਰਕੇ ਹਰਚੰਦ ਸਿੰਘ ਪਰਵਾਸੀ ਪੰਜਾਬੀਆਂ ਦੇ ਸੰਕਟ, ਪੰਜਾਬ ਦੀਆਂ ਇਤਿਹਾਸਕ-ਰਾਜਨੀਤਿਕ ਘਟਨਾਵਾਂ, ਦੇਸ਼-ਭਗਤਾਂ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ, ਪੰਜਾਬ ਦੇ ਪ੍ਰਮੁੱਖ ਸ਼ਹੀਦਾਂ ਦੀਆਂ ਸ਼ਖ਼ਸੀਅਤਾਂ, ਨੈਤਿਕ ਕਦਰਾਂ-ਕੀਮਤਾਂ, ਸਿੱਖ ਇਤਿਹਾਸ, ਪੰਜਾਬ ਦੇ ਪੁਰਾਤਨ ਸਭਿਆਚਾਰ, ਨਾਰੀ ਜਾਤੀ ਦੀਆਂ ਸਮੱਸਿਆਵਾਂ, ਨਿੱਜੀ ਭਾਵਨਾਵਾਂ, ਆਰਥਿਕਤਾ, ਸੰਸਕ੍ਰਿਤੀ, ਸਭਿਅਤਾ, ਕਦਰਾਂ-ਕੀਮਤਾਂ, ਰਿਸ਼ਤਿਆਂ ਦੀ ਟੁੱਟ-ਭੱਜ, ਪੰਜਾਬ ਦੀ ਮਿੱਟੀ ਪ੍ਰਤੀ ਮੋਹ ਅਤੇ ਸ਼ਿਕਵੇ ਦੀ ਪੇਸ਼ਕਾਰੀ ਦੇ ਨਾਲ-ਨਾਲ ਅਜੋਕੇ ਸਮਾਜ ਵਿਚ ਫੈਲੀਆਂ ਹੋਈਆਂ ਵਿਭਿੰਨ ਕੁਰੀਤੀਆਂ ਅਤੇ ਸਮਾਜਿਕ ਸਮੱਸਿਆਵਾਂ ਆਦਿ ਵਿਭਿੰਨ ਸਰੋਕਾਰਾਂ ਨੂੰ ਆਪਣੀ ਕਵਿਤਾ ਦਾ ਆਧਾਰ ਬਣਾਉਂਦਾ ਹੈ। ਕਵੀ ਦਾ ਅੰਤਰ ਮਨ ਪਰਦੇਸ 'ਚ ਵਿਚਰਦਿਆਂ ਦੇਸ਼ ਵਿਚ ਰਹਿ ਗਏ ਖੱਟੇ-ਮਿੱਠੇ ਅਨੁਭਵਾਂ ਨੂੰ ਮਹਿਸੂਸ ਕਰਦਾ ਹੈ:

ਵਾਵਾ ਵਿਚ ਬਦੇਸ਼ਾਂ ਆ ਲੋਕੀਂ
ਛੱਡੇ ਦੇਸ਼ ਦੀ ਸੁਖ ਮਨਾਂਵਦੇ ਨੇ
ਭਾਵੇਂ ਮਹਿਲਾਂ ਵਿਚ ਨਿਵਾਸ ਕਰਦੇ
ਕੱਚੇ ਕੋਠੜੇ ਯਾਦ ਪਏ ਆਂਵਦੇ ਨੇ।[1]

ਆਰਥਿਕ ਮਜਬੂਰੀਆਂ ਕਾਰਨ ਦੇਸ਼ ਛੱਡ ਕੇ ਪਰਵਾਸੀ ਭਾਰਤੀਆਂ ਦੀ ਜੋ ਸਥਿਤੀ ਵਿਦੇਸ਼ਾਂ ਵਿਚ ਹੁੰਦੀ ਹੈ, ਉਸ ਦਾ ਵੀ ਉਸ ਨੂੰ ਬੇਹੱਦ ਝੋਰਾ ਹੈ। ਮਜਬੂਰੀ ਵੱਸ ਕਾਰਨ ਪਰਵਾਸ ਧਾਰਨ ਕਰਨ ਕਰਕੇ ਉਹ ਪਿੰਡ ਛੱਡਣ ਦਾ ਵਿਗੋਚਾ ਹੋਣ 'ਤੇ ਮਾਫ਼ੀ ਮੰਗਦਾ ਹੈ। ਰਿਸ਼ਤਿਆਂ ਵਿੱਚੋਂ ਘਟਦੇ ਜਾ ਰਹੇ ਪਿਆਰ ਉੱਤੇ ਅਫਸੋਸ ਪ੍ਰਗਟਾਉਂਦਾ ਹੈ।ਉਹ ਪਰਵਾਸ ਜਾ ਕੇ ਆਪਣੀ ਜ਼ਿੰਦਗੀ ਦੇ ਅਨੁਭਵ ਨੂੰ ਬਿਆਨਦਾ ਹੈ। ਹਰਚੰਦ ਦੀ ਕਵਿਤਾ ਸਮੁੱਚੇ ਪਰਵਾਸੀ ਭਾਈਚਾਰੇ ਦੀ ਮਾਨਸਿਕਤਾ ਦੀ ਤਰਜਮਾਨੀ ਕਰਦੀ ਹੈ, ਸਮੁੱਚਾ ਪੰਜਾਬੀ ਪਰਵਾਸੀ ਭਾਈਚਾਰਾ ਇਸ ਸੰਕਟ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ। ਪਰਵਾਸੀ ਪੰਜਾਬੀਆਂ ਦੇ ਇਸ ਭਾਵੁਕ ਦਰਦ ਨੂੰ ਅਭਿਵਿਅਕਤ ਕਰਦੀ ਕਵਿਤਾ ਇਸ ਪ੍ਰਕਾਰ ਹੈ:

ਨਾ ਛੇੜ ਕਹਾਣੀ ਦਰਦਾਂ ਦੀ
ਅਜੇ ਜ਼ਖਮ ਜਿਗਰ ਦੇ ਅੱਲੇ ਨੇ।
ਜੋ ਲਾਈਆਂ ਰਲ ਕੇ ਆਪਣਿਆਂ,
ਮੈਂ ਸਹੀਆਂ ਚੋਟਾਂ, ਕੱਲੇ ਨੇ।[2]

ਕਵੀ ਸਿੱਖ ਧਰਮ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਆਪਣੀ ਕਵਿਤਾ ਦਾ ਮਾਧਿਅਮ ਬਣਾ ਕੇ ਪੇਸ਼ ਕਰਦਾ ਹੈ। ਗੁਰੂ ਸਾਹਿਬਾਨਾਂ, ਸਿੱਖ ਕੌਮ, ਸਿੱਖ-ਵਿਰਸੇ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਬਾਖੂਬੀ ਨਾਲ ਚਿਤਰਦਾ ਹੈ। ਧਰਮ ਦੇ ਨਾਂ ’ਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲਿਆਂ ’ਤੇ ਤਿੱਖਾ ਵਿਅੰਗ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਅਤੇ ਸਿਰੜ ਨੂੰ ਸ਼ਾਇਰ ਹੇਠ ਲਿਖੀਆਂ ਸਤਰਾਂ ਰਾਹੀਂ ਇਉਂ ਬਿਆਨਦਾ ਹੈ:

ਆਏ ਆਂਚ ਨਾ ਧਰਮ ਤੇ ਦੇਸ ਲਾਈਂ
ਸੀਸ ਗੁਰੂ ਜੀ ਆਪਣਾ ਲਾ ਦਿੱਤਾ।
ਹਰਚੰਦ ਸਿੰਘਾ ਅਜ਼ਾਦੀ ਦੀ ਲਾਟ ਬਾਲੀ
ਖੂਨ ਆਪਦਾ ਉਸ ਵਿਚ ਪਾ ਦਿੱਤਾ।[3]

ਕਵੀ ਵਿਦੇਸ਼ ਵਿਚ ਰਹਿੰਦਾ ਹੋਇਆ ਵੀ ਆਪਣੇ ਦੇਸ਼-ਭਗਤਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਹੀਂ ਭੁੱਲਿਆ ਕਿਉਂਕਿ ਉਨ੍ਹਾਂ ਦੇਸ਼-ਭਗਤਾਂ ਨੇ ਹੀ ਆਪਣੀ ਸ਼ਹਾਦਤ ਦੇ ਕੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਵਾਇਆ ਹੈ। ਸਾਡੇ ਦੇਸ਼ ਦੇ ਲੀਡਰਾਂ ਨੇ ਵਾਗਡੋਰ ਸੰਭਾਲ ਕੇ ਦੇਸ਼ ਦੇ ਰਾਜਨੀਤਿਕ ਵਾਤਾਵਰਣ ਨੂੰ ਗੰਧਲਾ ਬਣਾ ਦਿੱਤਾ ਹੈ। ਕਿਰਤੀ ਕਾਮੇ ਅਤੇ ਗਰੀਬ ਲੋਕਾਂ ਦੇ ਹੱਕਾਂ ਦੀ ਕੋਈ ਸੁਣਵਾਈ ਨਹੀਂ, ਜਿਹੜੇ ਰੋਜ਼ੀ-ਰੋਟੀ ਲਈ ਭੁੱਖੇ ਮਰ ਰਹੇ ਹਨ। ਸਾਰੇ ਦੇਸ਼ ਦੇ ਲੀਡਰ ਗਰੀਬਾਂ ਦਾ ਖੂਨ ਚੂਸ ਕੇ ਉਨ੍ਹਾਂ ਨੂੰ ਬਰਬਾਦ ਕਰ ਰਹੇ ਹਨ। ਜੁਝਾਰੂ ਪੱਖ ਉਸ ਦੀ ਕਵਿਤਾ ਵਿੱਚੋਂ ਇਸ ਤਰ੍ਹਾਂ ਦਿਖਾਈ ਦਿੰਦਾ ਹੈ:

ਵਾਰਸ ਸ਼ਾਹ ਜੀ ਬੋਲਦੇ
ਆ ਅੰਮ੍ਰਿਤਾ ਮੇਰੇ ਕੋਲ।
ਤੇਰੇ ਨਾਲ ਮੈਂ ਬੱਚੀਏ,
ਕੁਝ ਸਾਂਝੇ ਕਰਨੇ ਬੋਲ।
ਸੰਨ ਸੰਤਾਲੀ ਹਿੰਦ ਸੀ,
ਹੋਈਆ ਜਦੋਂ ਆਜ਼ਾਦ।
ਪਾਟਕ ਪਾ ਕੇ ਲੀਡਰਾਂ,
ਲੋਕ ਕਰੇ ਬਰਬਾਦ।[4]

ਇਤਿਹਾਸ ਚੇਤਨਾ ਦੇ ਨਾਲ-ਨਾਲ ਕਵੀ ਸਮਾਜਿਕ ਸਭਿਆਚਾਰਕ ਅਤੇ ਰਾਜਨੀਤਿਕ ਸਰੋਕਾਰਾਂ ਨੂੰ ਵੀ ਆਪਣੀ ਕਲਮ ਦਾ ਆਧਾਰ ਬਣਾਉਂਦਾ ਹੈ। ਲੇਖਕ ਅਨੁਸਾਰ ਭਾਰਤੀ ਸੰਸਕ੍ਰਿਤੀ ਅਤੇ ਵਿਦੇਸ਼ੀ ਸੰਸਕ੍ਰਿਤੀ ਦੀਆਂ ਕਦਰਾਂ-ਕੀਮਤਾਂ ਦਾ ਜ਼ਮੀਨ ਅਸਮਾਨ ਦਾ ਫਰਕ ਹੈ। ਕਦਰਾਂ ਕੀਮਤਾਂ ਵਿਚ ਵਖਰੇਵਾਂ ਹੋਣ ਕਰਕੇ ਭਾਰਤੀ ਸਭਿਆਚਾਰਕ ਗਿਰਾਵਟ ਦੀ ਦਿਸ਼ਾ ਵੱਲ ਵਧ ਰਿਹਾ ਹੈ। ਪਰਵਾਸੀ ਮਨੁੱਖ ਬੇਗਾਨੀ ਧਰਤੀ ਉੱਤੇ ਜ਼ਿੰਦਗੀ, ਪਦਾਰਥਾਂ, ਇੱਛਾਵਾਂ, ਝੋਰਿਆਂ, ਮਜਬੂਰੀਆਂ, ਸੰਸਕਾਰਾਂ ਆਦਿ ਵਿਭਿੰਨ ਸਰੋਕਾਰਾਂ ਨਾਲ ਕਿਵੇਂ ਜੁੜਦਾ ਅਤੇ ਟੁੱਟਦਾ ਹੈ। ਇਸ ਦੇ ਨਿਵੇਕਲੇ ਰੰਗ ਚੰਦ ਫਰਵਾਹੀ ਦੀ ਕਵਿਤਾ ਵਿੱਚੋਂ ਉਘੜਦੇ ਹਨ। ਪਰਵਾਸੀ ਜੀਵਨ-ਜਾਂਚ ਵਿਚ ਜਿੱਥੇ ਜੀਵਨ-ਸੁਰੱਖਿਆ ਦੇ ਨਿਯਮ ਕਵੀ ਨੂੰ ਚੰਗੇ ਲਗਦੇ ਹਨ ਉੱਥੇ ਨੌਜਵਾਨਾਂ ਨੂੰ ਮਿਲੀ ਅੱਤ ਦੀ ਅਜ਼ਾਦੀ ਉਸ ਨੂੰ ‘ਅਜ਼ਾਦੀ ਕਿ ਬਰਬਾਦੀ’ ਦੇ ਪ੍ਰਸ਼ਨ ਚਿੰਨ੍ਹ ਹੇਠ ਸ਼ੰਕਾ ਦੇ ਘੇਰੇ ਵਿਚ ਨਜ਼ਰ ਆਉਂਦੀ ਹੈ, ਜਿੱਥੇ ਪੰਜਾਬੀ ਕਦਰਾਂ-ਕੀਮਤਾਂ ਨੂੰ ਤਿਆਗਦੇ ਪੱਛਮੀ ਪ੍ਰਭਾਵ ਅਧੀਨ ਜ਼ਿੰਦਗੀ ਜਿਉਣ ਦੇ ਚਾਹਵਾਨ ਬੱਚੇ ਕਈ ਵਾਰ ਅਣਹੋਈਆਂ ਨੂੰ ਸੱਦਾ ਦੇ ਕੇ ਮਾਂ-ਬਾਪ ਲਈ ਸੰਤਾਪ ਸਹੇੜ ਦਿੰਦੇ ਹਨ, ਜਿਸ ਨੂੰ ਕਵੀ ਇਉਂ ਪ੍ਰਗਟਾਉਂਦਾ ਹੈ:

ਕਾਨੂੰਨ ਦੇਸ਼ ਕੈਨੇਡਾ ਵਾਲੇ,
ਸਭ ਨੂੰ ਦੇਣ ਆਜ਼ਾਦੀ।
‘ਚੰਦ ਫਰਵਾਹੀ’ ਸਮਝ ਨਾ ਆਏ,
ਆਜ਼ਾਦੀ ਕਿ ਬਰਬਾਦੀ।[5]

ਇਕ ਪਰਵਾਸੀ ਲਈ ਆਪਣੀ ਜਨਮ ਭੂਮੀ ਤੋਂ ਦੂਰ ਜਾ ਕੇ ਨਵੀਂ ਥਾਂ ਵਸੇਬਾ ਕਰਨਾ ਮੁਸ਼ਕਿਲ ਹੁੰਦਾ ਹੈ। ਡਾਲਰ ਕਮਾਉਣ ਦੇ ਲਾਲਚ ਵਿਚ ਉਹ ਆਪਣੇ ਬੱਚਿਆਂ ਨੂੰ ਪਿਆਰ ਨਿੱਘ ਨਹੀਂ ਦੇ ਪਾਉਂਦੇ, ਉਨ੍ਹਾਂ ਤੋਂ ਬੱਚਿਆਂ ਦਾ ਬਚਪਨ ਖੋਹ ਲੈਂਦੇ ਹਨ। ਉੱਥੇ ਜੋ ਬਜ਼ੁਰਗ ਭਾਰਤ ਅਤੇ ਪੱਛਮੀ ਦੇਸ਼ਾਂ ਵਿਚ ਜਾ ਕੇ ਆਪਣੇ ਪੋਤਰਿਆਂ ਨੂੰ ਸੰਭਾਲਦੇ ਆਪਣੇ ਪੁੱਤਾਂ-ਧੀਆਂ ਹੱਥੋਂ ਜਲੀਲ ਹੁੰਦੇ ਹਨ। ਨਵੇਂ ਦੇਸ਼ ਦੇ ਸਮਾਜ ਸਭਿਆਚਾਰਕ ਦੇ ਅਨੁਕੂਲ ਚੱਲਣਾ, ਰੁਜ਼ਗਾਰ ਹਾਸਿਲ ਕਰਨਾ ਅਤੇ ਪਰਿਵਾਰ ਦਾ ਵਿਛੋੜਾ ਝੱਲਣਾ ਆਦਿ ਪਰਿਸਥਿਤੀਆਂ ਦੇ ਸਨਮੁੱਖ ਇਕ ਵਿਅਕਤੀ ਦੇ ਮਨੋਵੇਦਨਾ ਦਾ ਬਿਆਨ ਕਵੀ ਇੰਝ ਕਰਦਾ ਹੈ:

ਪੰਧ ਮੁਕਾ ਕੇ ਉਮਰਾਂ ਜੇਡਾ।
ਆਪਾਂ ਉਤਰੇ ਜਾ ਕੈਨੇਡਾ।

ਆਪਣਾ ਇੱਥੇ ਕੋਈ ਨਾ ਦਿੱਸੇ।
ਸਾਰੇ ਛੱਡ ਆਇਆ ਮੈਂ ਪਿੱਛੇ।[6]

'ਸਿਲਾ ਨੇਕੀ ਦਾ' ਕਵਿਤਾ ਵਿਚ ਕਵੀ ਹਰ ਪਰਵਾਸੀ ਦੀ ਵਿਡੰਬਣਾ ਨੂੰ ਪੇਸ਼ ਕਰਦਾ ਹੈ ਜਿਹੜਾ ਪਰਵਾਸ ਵਿਚ ਜਾ ਕੇ ਦੁੱਖ ਹੰਢਾਉਂਦਾ ਪੈਸੇ ਮਗਰ ਦੌੜਦਾ ਫਿਰਦਾ ਹੈ।ਪਰਵਾਸੀ ਪੰਜਾਬੀ ਮਿਹਨਤ ਮੁਸ਼ੱਕਤ ਕਰਨ ਲਈ ਪਰਦੇਸਾਂ ਵਿਚ ਪਲਾਇਨ ਕਰ ਜਾਂਦੇ ਹਨ ਪਰ ਪਿੱਛੋਂ ਉਨ੍ਹਾਂ ਦੇ ਘਰ ਜ਼ਮੀਨ ਜਾਇਦਾਦ ਉੱਪਰ ਉਨ੍ਹਾਂ ਦੇ ਸਾਕ-ਸੰਬੰਧੀ ਲਾਲਚੀ ਪ੍ਰਵਿਰਤੀ ਤਹਿਤ ਕਬਜ਼ਾ ਕਰ ਜਾਂਦੇ ਹਨ। ਮੋਹ ਮੁਹੱਬਤ ਤੋਂ ਵਿਰਵੇ ਰਿਸ਼ਤਿਆਂ ਦੀ ਦਾਸਤਾਨ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਆਪਣੀ ਕਵਿਤਾ ਵਿਚ ਰੂਪਮਾਨ ਕਰਦਾ ਹੈ। ਪਰਵਾਸੀ ਸੰਤਾਪ ਨੂੰ ਦੁਖਾਂਤ ਵਜੋਂ ਕਵੀ ਇੰਝ ਪੇਸ਼ ਕਰਦਾ ਹੈ:

ਪਲ ਵਿੱਚ ਹੀ ਉਸਨੇ ਸੀ ਰੰਗ ਵਟਾਇਆ।
ਕਹਿੰਦਾ ਅੱਛਾ ਹੁਣ ਤੂੰ ਭੌਂ ਵੰਡਣ ਆਇਆ।
ਇਸ ਸ਼ਰਤ ਤੇ ਦਿਆਂਗਾ ਇਹ ਅੱਧ ਮੈਂ ਤੈਨੂੰ।
ਜੋ ਕੈਨੇਡਾ ਹੈ ਤੇਰਾ ਅੱਧ ਦੇ ਦੇ ਮੈਨੂੰ।
ਮੈਂ ਕਿਹਾ ਸੀ ਉਹ ਤੇ ਮੈਂ ਆਪ ਬਣਾਇਆ।
ਤੁਸਾਂ ਉਸ ਵਿਚ ਇਕ ਵੀ ਪੈਸਾ ਨੀ ਪਾਇਆ।[7]

ਕਵੀ ਆਪਣੇ ਦੇਸ਼ ਦੇ ਲੋਕਾਂ ਦੇ ਉਜਵਲ ਭਵਿੱਖ ਲਈ ਆਸਵੰਦ ਹੈ, ਉਹ ਦੇਸ਼ ਦੀਆਂ ਵਿਕਰਾਲ ਸਮੱਸਿਆਵਾਂ, ਗਰੀਬੀ, ਭੁੱਖਮਰੀ, ਕਿਰਤੀਆਂ ਦਾ ਸ਼ੋਸ਼ਣ, ਅਨਪੜ੍ਹਤਾ, ਬੇਰੁਜ਼ਗਾਰੀ, ਰਾਜਨੀਤੀਵਾਨਾਂ ਦੁਆਰਾ ਪੈਦਾ ਕੀਤਾ ਜਾ ਰਿਹਾ ਭ੍ਰਿਸ਼ਟਾਚਾਰ, ਰਿਸ਼ਵਤਖ਼ੋਰਾਂ ਵੱਲੋਂ ਕੀਤੀਆਂ ਵਧੀਕੀਆਂ ਆਦਿ ਸਮੱਸਿਆਵਾਂ ਨੂੰ ਨੰਗਾ ਕਰਦਾ ਹੈ। ਵਾਸਤਵ ਵਿਚ ਇਸ ਕਵੀ ਦੀ ਪ੍ਰਤੀਬੱਧਤਾ ਸਮਾਜਵਾਦੀ ਵਿਚਾਰਧਾਰਾ ਨਾਲ ਹੋਣ ਕਾਰਨ ਮਾਨਵਵਾਦੀ ਸੋਚ ਨਾਲ ਜੁੜੇ ਸ਼ਾਇਰ ਪ੍ਰਤੀ ਡਾ. ਭੁਪਿੰਦਰ ਕੌਰ ਲਿਖਦੇ ਹਨ:

"ਮਾਨਵਵਾਦੀ ਸੋਚ ਦਾ ਮਾਲਿਕ ਇਹ ਸ਼ਾਇਰ ਬੇਇਨਸਾਫ਼ੀ ਦਾ ਸ਼ਿਕਾਰ ਹੋਏ ਲੋਕਾਂ ਨਾਲ ਡੂੰਘੀ ਹਮਦਰਦੀ ਜਤਾਉਂਦਾ ਹੈ।"[8]

ਪ੍ਰਗਤੀਵਾਦੀ ਵਿਚਾਰਾਂ ਨਾਲ ਲਬਰੇਜ਼ ਹਰਚੰਦ ਬਾਗੜੀ ਦੀ ਕਵਿਤਾ ਇਨਕਲਾਬੀ ਵਿਚਾਰਧਾਰਾ ਨਾਲ ਓਤ-ਪੋਤ ਹੈ। ਕਵੀ ਦੇ ਅਜਿਹੇ ਵਿਚਾਰਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਝਲਕਾਰਾ ਪੈਂਦਾ ਹੈ। ਉਦਾਸ ਚਿਹਰਿਆਂ ਦੇ ਵਿੱਚੋਂ ਉਦਾਸੀ ਨੂੰ ਦੂਰ ਕਰਦਾ ਹੋਇਆ ਸੱਚ ਦਾ ਸੰਦੇਸ਼ ਦਿੰਦਾ ਹੈ ਕਿ ਜਿਸ ਦੇ ਰਾਹੀਂ ਅਜਿਹੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ, ਜਿਸ ਵਿਚ ਕਿਰਤੀ ਨੂੰ ਉਸ ਦੀ ਕਿਰਤ ਦਾ ਅਸਲੀ ਮੁੱਲ ਮਿਲ ਸਕੇ। ਕਿਰਤੀ ਵਰਗ ਦੀ ਹਮਦਰਦੀ ਦਾ ਪਾਤਰ ਬਣ ਕੇ ਕਵੀ ਆਪਣੇ ਪ੍ਰਗਤੀਵਾਦੀ ਵਿਚਾਰਾਂ ਨੂੰ ਪੇਸ਼ ਕਰਦਾ ਹੋਇਆ ਲਿਖਦਾ ਹੈ:

"ਕੀ ਲੈਣਾ ਉਸ ਸੌਣੀ ਤੋਂ ਤੇ ਕੀ ਲੈਣਾ ਹੈ ਹਾੜੀ ਤੋਂ।
ਕਿਰਤੀ ਦਾ ਤੇ ਚੁੱਲ੍ਹਾ ਬਲਣਾ, ਕੰਮ ਤੇ ਲੱਗੀ ਦਿਹਾੜੀ ਤੋਂ।"[9]

ਪਰਵਾਸੀ ਪੰਜਾਬੀਆਂ ਦੇ ਮਨ ਵਿਚ ਮਿਥੇ ਦੇਸ਼ ਪੰਜਾਬ ਦੀ ਧਰਤੀ ਨਾਲ ਜੁੜੇ ਵਿਭਿੰਨ ਮਸਲੇ ਵੀ ਉਸ ਦੀ ਚਿੰਤਾ ਦਾ ਵਿਸ਼ਾ ਹਨ, ਜਿਨ੍ਹਾਂ ਵਿਚ ਧਰਮ ਦੇ ਨਾਂ ਹੇਠ ਹੋ ਰਹੀ ਲੋਕਾਂ ਦੀ ਲੁੱਟ-ਖਸੁੱਟ ਤੋਂ ਇਲਾਵਾ ਮੁੱਕ ਰਿਹਾ ਪਾਣੀ, ਨਸ਼ੇ ਅਤੇ ਕਰਜ਼ੇ ਦੀ ਲਾਹਨਤ ਵਿਚ ਫਸੇ ਲੋਕਾਂ ਤੇ ਖੁਦਕੁਸ਼ੀਆਂ ਵੱਲ ਵਧ ਰਹੇ ਲੋਕਾਂ ਦੀ ਚਿੰਤਾਜਨਕ ਹਾਲਤ ਅਤੇ ਵਧ ਰਹੀ ਮਹਿੰਗਾਈ ਆਦਿ ਨੂੰ ਉਜਾਗਰ ਕਰਦਾ ਹੈ। ਕਿਰਤੀਆਂ ਅਤੇ ਮਜ਼ਦੂਰਾਂ ਉੱਤੇ ਹੋ ਰਹੇ ਜ਼ੁਲਮ ਪ੍ਰਤੀ ਆਪਣੀ ਆਵਾਜ਼ ਉਠਾਉਂਦਾ ਗਰੀਬ ਅਤੇ ਮਿਹਨਤਕਸ਼ ਲੋਕ ਦਿਨ ਭਰ ਮਜ਼ਦੂਰੀ ਕਰਨ ਉਪਰੰਤ ਭੁੱਖੇ ਰਹਿ ਜਾਂਦੇ ਹਨ, ਉਨ੍ਹਾਂ ਦੇ ਹੱਕਾਂ ਵਿਚ ਆਵਾਜ਼ ਬੁਲੰਦ ਕਰਦਾ ਕਵੀ ਕਿਰਤ ਕਮਾਈ ਹੜੱਪ ਕਰਨ ਵਾਲਿਆਂ ਪ੍ਰਤੀ ਰੋਸ ਪ੍ਰਗਟ ਕਰਦਾ ਹੈ:

ਮੇਰੇ ਕਿਰਤੀ-ਕਾਮੇ ਅੱਜ ਵੀ ਭੁੱਖੇ ਮਰਦੇ ਨੇ,
ਕਰਕੇ ਖੁਦਕੁਸ਼ੀਆਂ ਨੇ ਮੇਰੇ ਬਰਖ਼ੁਰਦਾਰ।
... ... ... ... ... ...
ਲੱਕ ਤੋੜ ਦਿੱਤਾ ਹੈ ਕਿਰਤੀ ਦਾ ਮਹਿੰਗਾਈ ਨੇ,
ਭੁੱਖੇ ਝੌਂਪੜੀਆਂ ਵਿਚ ਰੁਲਦੇ ਨੇ ਪਰਿਵਾਰ।[10]

ਇੱਥੇ ਸਮਕਾਲੀ ਸਮਾਜਿਕ ਸਥਿਤੀਆਂ ਕਵੀ ਦੇ ਕਾਵਿ ਅਨੁਭਵ ਦਾ ਆਧਾਰ ਹੀ ਨਹੀਂ ਬਣਦੀਆਂ ਸਗੋਂ ਉਸ ਦੀ ਵਿਚਾਰ ਸ਼ਕਤੀ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਦੀ ਸਮਰੱਥਾ ਇਸ ਤੱਥ ਵਿਚ ਵੀ ਵੇਖੀ ਜਾ ਸਕਦੀ ਹੈ ਕਿ ਕਵੀ ਵਿਭਿੰਨ ਕਿਸਮ ਦੇ ਸਮਕਾਲੀ ਸਮਾਜਿਕ ਸਰੋਕਾਰਾਂ ਦਾ ਚਿੰਤਨ ਕਰਦਾ ਹੋਇਆ ਆਪਣੇ ਸਭਿਆਚਾਰਕ ਅਵਚੇਤਨ ਤੋਂ ਵੀ ਮੁਕਤ ਨਹੀਂ ਹੁੰਦਾ। ਕਵੀ ਦਾ ਇਹ ਸਭਿਆਚਾਰਕ ਵਿਸ਼ੇਗਤ ਅਵਚੇਤਨ ਹੀ ਉਸ ਨੂੰ ਸਮਾਜਿਕ ਸਰੋਕਾਰਾਂ ਪ੍ਰਤੀ ਚੇਤੰਨ ਵੀ ਕਰਦਾ ਹੈ। ਕਵੀ ਦੀ ਇਹ ਨਿਵੇਕਲੀ ਸੂਝ ਹੀ ਉਸ ਨੂੰ ਦੂਸਰੇ ਸ਼ਾਇਰਾਂ ਨਾਲੋਂ ਵਿਲੱਖਣਤਾ ਵੀ ਪ੍ਰਦਾਨ ਕਰਦੀ ਹੈ।

ਸੋ ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਹਰਚੰਦ ਸਿੰਘ ਬਾਗੜੀ ਦੀ ਕਾਵਿ ਸਿਰਜਣਾ ਵਿਭਿੰਨ ਥੀਮਾਂ ਨੂੰ ਛੂੰਹਦੀ ਹੋਈ ਨਵੇਂ ਪੈਂਡਿਆਂ ਨੂੰ ਉਲੀਕਦੀ ਹੈ। ਉਸ ਦੀ ਕਲਮ ਹੱਕਾਂ ਦੀ ਤਰਜਮਾਨੀ ਕਰਦੀ ਪਾਠਕ ਦੇ ਮਨ ਵਿੱਚ ਉਸਾਰੂ ਜੀਵਨ ਸੇਧ ਦੀ ਚਿਣਗ ਜਗਾਉਂਦੀ ਪ੍ਰਤੀਤ ਹੁੰਦੀ ਹੈ। ਕਵੀ ਨੇ ਆਪਣੇ ਆਲੇ-ਦੁਆਲੇ ਦੇ ਵਰਤਾਰਿਆਂ ਵਿਚਲੇ ਅਣਗੌਲੇ ਵਿਸ਼ਿਆਂ ਨੂੰ ਕਵਿਤਾਵਾਂ ਦਾ ਆਧਾਰ

ਬਣਾ ਕੇ ਪੇਸ਼ ਕੀਤਾ ਹੈ। ਹਰਚੰਦ ਸਿੰਘ ਬਾਗੜੀ ਨੇ ਵੱਖੋ-ਵੱਖਰੇ ਵਿਸ਼ਿਆਂ ਨੂੰ ਲੈ ਕੇ ਸਮਕਾਲੀ ਸਮਾਜ, ਜ਼ਿੰਦਗੀ ਅਤੇ ਇਤਿਹਾਸ ਦੇ ਹਰ ਪੱਖ ਨੂੰ ਉਘਾੜਨ ਦੇ ਨਾਲ-ਨਾਲ ਪੂਰਬੀ ਅਤੇ ਪੱਛਮੀ ਸਭਿਅਤਾ ਦੇ ਅਨੁਭਵਾਂ ਨੂੰ ਅਭਿਵਿਅਕਤ ਕਰਦਾ ਹੈ।ਵੰਨ-ਸੁਵੰਨਤਾ ਭਰਪੂਰ ਵਿਸ਼ਿਆਂ ਦੀ ਪੇਸ਼ਕਾਰੀ, ਕਦੇ ਚਿਤਾਵਨੀ, ਕਦੇ ਸਮੁੱਚੀ ਮਾਨਵਤਾ ਦੇ ਦਰਦ ਨੂੰ ਕਲਾਵੇ ਵਿਚ ਲੈਂਦੀ, ਸਮਾਜਿਕ ਬੁਰਾਈਆਂ ਦਾ ਵਿਰੋਧ ਕਰਕੇ ਸਮਕਾਲੀ ਯਥਾਰਥ ਨੂੰ ਆਪਣੀ ਕਲਮ ਜ਼ਰੀਏ ਨਵੇਂ ਨਰੋਏ ਸਮਾਜ ਦਾ ਸਿਰਜਕ ਬਣ ਕੇ ਬੇਬਾਕੀ ਨਾਲ ਸਥਿਤੀ ਅਤੇ ਵਿਚਾਰ ਕਰਦਾ ਹੋਇਆ ਹਰਚੰਦ ਸਿੰਘ ਬਾਗੜੀ ਕੈਨੇਡਾ ਦੀ ਧਰਤੀ ਦਾ ਬਾਸ਼ਿੰਦਾ ਹੋ ਕੇ ਦਿਲੋਂ ਭਾਰਤੀ ਹੈ।

### ਹਵਾਲੇ ਅਤੇ ਟਿੱਪਣੀਆਂ

1. ਹਰਚੰਦ ਸਿੰਘ ਬਾਗੜੀ, ਪੈੜਾਂ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰਨਾ 36
2. ਉਹੀ, ਸਾਗਰ ਤੇ ਛੱਲਾਂ, ਪੰਨਾ 63
3. ਉਹੀ, ਕਿਸ ਬਿਧ ਲਈ ਆਜ਼ਾਦੀ, ਪੰਨਾ 15
4. ਉਹੀ, ਗਿੱਲੀ ਅੱਖ ਦਾ ਸੰਵਾਦ, ਪੰਨਾ 62
5. ਉਹੀ, ਸਾਗਰ ਤੇ ਛੱਲਾਂ, ਪੰਨਾ 40
6. ਉਹੀ, ਸਿਲਾ ਨੇਕੀ ਦਾ, ਪੰਨਾ 33
7. ਉਹੀ, ਪੰਨਾ 16
8. ਹਰਚੰਦ ਸਿੰਘ ਬਾਗੜੀ, ਸਾਗਰ ਅਤੇ ਛੱਲਾਂ (ਮੁੱਖ ਬੰਦ, ਡਾ. ਭੁਪਿੰਦਰ ਕੌਰ), ਪੰਨਾ 6
9. ਹਰਚੰਦ ਸਿੰਘ ਬਾਗੜੀ, ਸਾਗਰ ਅਤੇ ਛੱਲਾਂ, ਪੰਨਾ 38
10. ਉਹੀ, ਪੰਨਾ 28